# ਹੀਮੋਫੀਲਸ ਇਨਫਲੂਐਂਜ਼ੇ ਟਾਈਪ ਬੀ (Hib) ਦਾ ਲੋਦਾ

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

## 1 Hib ਦੀ ਬੀਮਾਰੀ ਕੀ ਹੈ?

**ਹੀਮੋਫੀਲਸ ਇਨਫਲੂਐਂਜ਼ੇ ਟਾਈਪ ਬੀ (Hib) ਇਕ ਗੰਭੀਰ ਬੀਮਾਰੀ ਹੈ ਜੋ ਕਿ ਇਕ ਬੈਕਟੀਰੀਏ ਕਾਰਨ ਹੁੰਦੀ ਹੈ।** ਇਹ ਆਮ ਤੌਰ ਤੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਹਮਲਾ ਕਰਦੀ ਹੈ।

ਤੁਹਾਡੇ ਬੱਚੇ ਨੂੰ, ਉਨ੍ਹਾਂ ਬੱਚਿਆਂ ਜਾਂ ਬਾਲਗਾਂ ਤੋਂ ਹਿੱਬ ਦੀ ਬੀਮਾਰੀ ਹੋ ਸਕਦੀ ਹੈ ਜਿਨ੍ਹਾਂ ਵਿਚ ਇਹ ਬੈਕਟੀਰੀਆ ਹੋਵੇ, ਪਰ ਉਨ੍ਹਾਂ ਨੂੰ ਇਸ ਦਾ ਪਤਾ ਨਾ ਹੋਵੇ। ਜਰਾਸੀਮ ਇਕ ਜਾਣੇ ਤੋਂ ਦੂਜੇ ਤੱਕ ਫੈਲਦੇ ਹਨ। ਜੇ ਇਹ ਜਰਾਸੀਮ ਬੱਚੇ ਦੇ ਨੱਕ ਅਤੇ ਗਲੇ ਵਿਚ ਰਹਿਣ ਤਾਂ ਸ਼ਾਇਦ ਬੱਚਾ ਬੀਮਾਰ ਨਾ ਹੋਵੇ। ਪਰ ਕਦੇ ਕਦੇ ਇਹ ਜਰਾਸੀਮ ਫੇਫੜਿਆਂ ਤੱਕ ਜਾਂ ਖ਼ੂਨ ਵਿਚ ਫੈਲ ਜਾਂਦੇ ਹਨ, ਅਤੇ ਫਿਰ ਹਿੱਬ ਦੀ ਬੀਮਾਰੀ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦੀ ਹੈ।

Hib ਦੇ ਲੋਦੇ (ਵੈਕਸੀਨ) ਤੋਂ ਪਹਿਲਾਂ, Hib ਦੀ ਬੀਮਾਰੀ, ਯੂਨਾਈਟਡ ਸਟੇਟਸ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਬੈਕਟੀਰੀਅਲ ਮੈਨਿਨਜਾਈਟਸ (ਦਿਮਾਗ ਦੀਆਂ ਝਿੱਲੀਆਂ ਦੀ ਸੋਜ) ਹੋਣ ਦਾ ਵੱਡਾ ਕਾਰਨ ਸੀ। ਮੈਨਿਨਜਾਈਟਸ, ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਪੜਦੇ ਦੀ ਇਨਫੈਕਸ਼ਨ ਹੈ, ਜਿਸ ਨਾਲ ਸਦਾ ਰਹਿਣ ਵਾਲਾ ਦਿਮਾਗੀ ਨੁਕਸਾਨ ਅਤੇ ਬੋਲਾਪਣ ਹੋ ਸਕਦਾ ਹੈ। ਹਿੱਬ ਦੀ ਬੀਮਾਰੀ ਨਾਲ ਇਹ ਵੀ ਹੋ ਸਕਦੇ ਹਨ:



- ਨਮੂਨੀਆ
- ਗਲੇ ਵਿਚ ਗੰਭੀਰ ਸੋਜ, ਜਿਸ ਨਾਲ ਸਾਹ ਲੈਣਾ ਔਖਾ ਹੋ ਜਾਂਦਾ ਹੈ
- ਖ਼ੂਨ, ਜੋੜਾਂ, ਹੱਡੀਆਂ, ਅਤੇ ਦਿਲ ਦੇ ਪੜਦੇ ਦੀ ਇਨਫੈਕਸ਼ਨ
- ਮੌਤ ਵੀ ਹੋ ਸਕਦੀ ਹੈ
- Hib ਦੇ ਲੋਦੇ ਤੋਂ ਪਹਿਲਾਂ, ਯੂਨਾਈਟਡ ਸਟੇਟਸ ਵਿਚ 5 ਸਾਲ ਤੋਂ ਘੱਟ ਉਮਰ ਦੇ ਤਕਰੀਬਨ 20,000 ਬੱਚਿਆਂ ਨੂੰ ਹਰ ਸਾਲ Hib ਦੀ ਗੰਭੀਰ ਬੀਮਾਰੀ ਹੁੰਦੀ ਸੀ ਅਤੇ ਤਕਰੀਬਨ 1,000 ਦੀ ਮੌਤ ਹੋ ਜਾਂਦੀ ਸੀ।

**Hib ਦਾ ਲੋਦਾ ਹਿੱਬ ਦੀ ਬੀਮਾਰੀ ਤੋਂ ਬਚਾਅ ਕਰ ਸਕਦਾ ਹੈ।** ਜੇ ਅਸੀਂ Hib ਦੇ ਲੋਦੇ ਲਾਉਣੇ ਬੰਦ ਕਰ ਦਈਏ ਤਾਂ ਬਹੁਤ ਸਾਰੇ ਹੋਰ ਬੱਚਿਆਂ ਨੂੰ Hib ਦੀ ਬੀਮਾਰੀ ਲੱਗੇਗੀ।

## 2 Hib ਦਾ ਲੋਦਾ ਕਿਸ ਨੂੰ ਅਤੇ ਕਦੋਂ ਲਵਾਉਣਾ ਚਾਹੀਦਾ ਹੈ?

**ਬੱਚਿਆਂ ਦੇ Hib ਦਾ ਲੋਦਾ ਇਨ੍ਹਾਂ ਉਮਰਾਂ ਤੇ ਲੱਗਣਾ ਚਾਹੀਦਾ ਹੈ:**

- ✔ 2 ਮਹੀਨੇ ਦੀ ਉਮਰ ਤੇ
- ✔ 6 ਮਹੀਨੇ ਦੀ ਉਮਰ ਤੇ*
- ✔ 4 ਮਹੀਨੇ ਦੀ ਉਮਰ ਤੇ
- ✔ 12–15 ਮਹੀਨੇ ਦੀ ਉਮਰ ਤੇ

* ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ Hib ਦੇ ਲੋਦੇ ਦਾ ਕਿਹੜੀ ਕਿਸਮ ਵਰਤੀ ਗਈ ਹੈ, ਹੋ ਸਕਦਾ ਤੁਹਾਡੇ ਬੱਚੇ ਨੂੰ 6 ਮਹੀਨੇ ਦੀ ਉਮਰ ਤੇ ਲੋਦਾ ਲਵਾਉਣ ਦੀ ਲੋੜ ਨਾ ਹੋਵੇ। ਜੇ ਇਸ ਉਮਰ ਤੇ ਲੋਦਾ ਲਾਉਣ ਦੀ ਲੋੜ ਹੋਈ ਤਾਂ ਤੁਹਾਡਾ ਡਾਕਟਰ ਜਾਂ ਨਰਸ ਤੁਹਾਨੂੰ ਦੱਸਣਗੇ।

ਜੇ ਤੁਸੀਂ ਲੋਦਾ ਲਵਾਉਣ ਤੋਂ ਖੁੰਝ ਜਾਵੋ ਜਾਂ ਲੇਟ ਹੋ ਜਾਵੋ ਤਾਂ ਛੇਤੀ ਤੋਂ ਛੇਤੀ ਅਗਲਾ ਲੋਦਾ ਲਵਾਉ। ਮੁੱਢ ਤੋਂ ਲਵਾਉਣੇ ਸ਼ੁਰੂ ਕਰਨ ਦੀ ਲੋੜ ਨਹੀਂ ਹੈ।

Hib ਦਾ ਲੋਦਾ ਦੂਜੀਆਂ ਵੈਕਸੀਨਾਂ ਦੇ ਨਾਲ ਹੀ ਲਾਇਆ ਜਾ ਸਕਦਾ ਹੈ।

**ਵੱਡੇ ਬੱਚੇ ਅਤੇ ਬਾਲਗ**

5 ਸਾਲ ਦੀ ਉਮਰ ਤੋਂ ਵੱਡੇ ਬੱਚਿਆਂ ਨੂੰ ਆਮ ਤੌਰ ਤੇ Hib ਦਾ ਲੋਦਾ ਲਵਾਉਣ ਦੀ ਲੋੜ ਨਹੀਂ ਹੈ। ਪਰ ਸਿਹਤ ਦੀਆਂ ਖ਼ਾਸ ਹਾਲਤਾਂ ਵਾਲੇ ਕੁਝ ਵੱਡੇ ਬੱਚਿਆਂ ਜਾਂ ਬਾਲਗਾਂ ਨੂੰ ਇਹ ਲੋਦਾ ਲਵਾਉਣਾ ਚਾਹੀਦਾ ਹੈ। ਇਨ੍ਹਾਂ ਹਾਲਤਾਂ ਵਿਚ, ਸਿਕਲ ਸੈੱਲ ਦੀ ਬੀਮਾਰੀ, HIV/AIDS (ਐੱਚ ਆਈ ਵੀ/ਏਡਜ਼), ਸਪਲੀਨ (ਤਿੱਲੀ) ਕੱਢਣਾ, ਬੋਨ ਮੈਰੋ ਟਰਾਂਸਪਲਾਂਟ, ਜਾਂ ਦਵਾਈਆਂ ਨਾਲ ਕੈਂਸਰ ਦਾ ਇਲਾਜ ਸ਼ਾਮਲ ਹਨ। ਵੇਰਵਿਆਂ ਲਈ ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ।

## 3 ਕੁਝ ਲੋਕਾਂ ਨੂੰ ਹਿੱਬ ਦਾ ਲੋਦਾ ਨਹੀਂ ਲਵਾਉਣਾ ਚਾਹੀਦਾ ਜਾਂ ਉਨ੍ਹਾਂ ਨੂੰ ਉਡੀਕ ਕਰਨੀ ਚਾਹੀਦੀ ਹੈ

- ਉਨ੍ਹਾਂ ਲੋਕਾਂ ਨੂੰ Hib ਦਾ ਹੋਰ ਲੋਦਾ ਨਹੀਂ ਲਵਾਉਣਾ ਚਾਹੀਦਾ, ਜਿਨ੍ਹਾਂ ਨੂੰ ਕਦੇ ਵੀ Hib ਦੇ ਪਹਿਲੇ ਲੋਦੇ ਤੋਂ ਜ਼ਿੰਦਗੀ ਨੂੰ ਖ਼ਤਰੇ ਵਿਚ ਪਾਉਣ ਵਾਲਾ ਅਲਰਜੀ ਦਾ ਰੀਐਕਸ਼ਨ ਹੋਇਆ ਹੈ।
- 6 ਹਫ਼ਤਿਆਂ ਤੋਂ ਘੱਟ ਉਮਰ ਦੇ ਬੱਚਿਆਂ ਦੇ Hib ਦਾ ਲੋਦਾ ਨਹੀਂ ਲਾਇਆ ਜਾਣਾ ਚਾਹੀਦਾ।
- ਜਿਹੜੇ ਲੋਕ, ਲੋਦਾ ਲਵਾਉਣ ਲਈ ਮਿੱਥੇ ਸਮੇਂ, ਥੋੜ੍ਹੇ ਜਿਹੇ ਜਾਂ ਗੰਭੀਰ ਰੂਪ ਵਿਚ ਬੀਮਾਰ ਹਨ, ਉਨ੍ਹਾਂ ਨੂੰ ਆਮ ਤੌਰ ਤੇ Hib ਦਾ ਲੋਦਾ ਲਵਾਉਣ ਦੀ ਉਦੋਂ ਤੱਕ ਉਡੀਕ ਕਰਨੀ ਚਾਹੀਦੀ ਹੈ, ਜਦੋਂ ਤੱਕ ਉਹ ਠੀਕ ਨਹੀਂ ਹੋ ਜਾਂਦੇ।

ਜ਼ਿਆਦਾ ਜਾਣਕਾਰੀ ਲਈ ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ।

## 4 Hib ਦੇ ਲੋਦੇ ਤੋਂ ਕੀ ਖਤਰੇ ਹਨ?

ਕਿਸੇ ਵੀ ਬੀਮਾਰੀ ਦਾ ਲੋਦਾ, ਕਿਸੇ ਵੀ ਦਵਾਈ ਵਾਂਗ, ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ, ਜਿਵੇਂ ਕਿ ਅਲਰਜੀ ਦਾ ਗੰਭੀਰ ਰੀਐਕਸ਼ਨ ਹੋਣਾ। Hib ਦੇ ਲੋਦੇ ਨਾਲ, ਗੰਭੀਰ ਨੁਕਸਾਨ, ਜਾਂ ਮੌਤ ਹੋਣ ਦੇ ਖਤਰੇ ਬਹੁਤ ਹੀ ਘੱਟ ਹਨ।

Hib ਦਾ ਲੋਦਾ ਲਵਾਉਣ ਵਾਲੇ ਬਹੁਤੇ ਲੋਕਾਂ ਨੂੰ ਇਸ ਨਾਲ ਕੋਈ ਸਮੱਸਿਆ ਨਹੀਂ ਆਉਂਦੀ।

**ਹਲਕੀਆਂ ਸਮੱਸਿਆਵਾਂ**



- ਲੋਦਾ ਲੱਗੀ ਥਾਂ ਲਾਲ ਹੋਣਾ, ਗਰਮ ਮਹਿਸੂਸ ਹੋਣਾ ਜਾਂ ਸੁੱਜਣਾ (ਤਕਰੀਬਨ 1/4 ਬੱਚਿਆਂ ਦੇ)
- 101 ਡਿਗਰੀ ਫਰਨਹਾਈਟ ਤੋਂ ਜ਼ਿਆਦਾ ਬੁਖਾਰ ਹੋਣਾ (ਤਕਰੀਬਨ 20 ਬੱਚਿਆਂ ਵਿਚੋਂ 1 ਨੂੰ)

ਜੇ ਇਹ ਸਮੱਸਿਆਵਾਂ ਆਉਣ, ਤਾਂ ਇਹ ਆਮ ਤੌਰ ਤੇ ਲੋਦਾ ਲੱਗਣ ਤੋਂ ਇਕ ਦਿਨ ਬਾਅਦ ਆਉਂਦੀਆਂ ਹਨ। ਇਹ 2-3 ਦਿਨ ਲਈ ਰਹਿ ਸਕਦੀਆਂ ਹਨ।

## 5 ਜੇ ਦਰਮਿਆਨਾ ਜਾਂ ਗੰਭੀਰ ਰੀਐਕਸ਼ਨ ਹੋ ਜਾਵੇ ਤਾਂ ਕੀ ਹੋਵੇਗਾ?

**ਮੈਨੂੰ ਕੀ ਦੇਖਣਾ ਚਾਹੀਦਾ ਹੈ?**

ਕੋਈ ਵੀ ਅਸਾਧਾਰਣ ਹਾਲਤ, ਜਿਵੇਂ ਕਿ ਅਲਰਜੀ ਦਾ ਗੰਭੀਰ ਰੀਐਕਸ਼ਨ, ਤੇਜ਼ ਬੁਖਾਰ ਜਾਂ ਵਤੀਰੇ ਵਿਚ ਤਬਦੀਲੀਆਂ। ਅਲਰਜੀ ਦੇ ਗੰਭੀਰ ਰੀਐਕਸ਼ਨ ਦੀਆਂ ਨਿਸ਼ਾਨੀਆਂ ਵਿਚ, ਸਾਹ ਲੈਣ ਵਿਚ ਔਖਿਆਈ, ਘੱਗੀ ਆਵਾਜ਼ ਜਾਂ ਸੂਕਣਾ, ਛਪਾਕੀ, ਪਿਲੱਤਣ, ਕਮਜ਼ੋਰੀ, ਦਿਲ ਤੇਜ਼ ਧੜਕਣਾ ਜਾਂ ਚੱਕਰ ਆਉਣੇ ਸ਼ਾਮਲ ਹੋ ਸਕਦੇ ਹਨ, ਜੋ ਕਿ ਲੋਦਾ ਲੱਗਣ ਤੋਂ ਬਾਅਦ ਕੁਝ ਮਿੰਟਾਂ ਤੋਂ ਲੈ ਕੇ ਕੁਝ ਘੰਟਿਆਂ ਵਿਚ ਦਿਖਾਈ ਦੇ ਸਕਦੀਆਂ ਹਨ।

**ਮੈਨੂੰ ਕੀ ਕਰਨਾ ਚਾਹੀਦਾ ਹੈ?**

- ਡਾਕਟਰ ਨੂੰ ਫੋਨ ਕਰੋ, ਜਾਂ ਉਸ ਵਿਅਕਤੀ ਨੂੰ ਫੌਰਨ ਡਾਕਟਰ ਕੋਲ ਲੈ ਕੇ ਜਾਵੋ।
- ਆਪਣੇ ਡਾਕਟਰ ਨੂੰ ਦੱਸੋ ਕਿ ਕੀ ਹੋਇਆ ਹੈ, ਕਿਸ ਤਰੀਕ ਅਤੇ ਸਮੇਂ ਹੋਇਆ ਹੈ, ਅਤੇ ਇਹ ਵੀ ਦੱਸੋ ਕਿ ਲੋਦਾ ਕਦੋਂ ਲਾਇਆ ਗਿਆ ਸੀ।
- ਆਪਣੇ ਡਾਕਟਰ, ਨਰਸ ਜਾਂ ਸਿਹਤ ਵਿਭਾਗ ਨੂੰ ਕਹੋ ਕਿ ਉਹ Vaccine Adverse Event Report (VAERS) (ਵੈਕਸੀਨ ਐਡਵਰਸ ਇਵੈਂਟ ਰਿਪੋਰਟ ਫਾਰਮ) ਭਰਨ ਜਾਂ ਤੁਸੀਂ ਆਪ VAERS ਨੂੰ **1-800 -822-7967** ਤੇ ਮੁਫਤ ਫੋਨ ਕਰੋ।

## 6 The National Vaccine Injury Compensation Program (ਨੈਸ਼ਨਲ ਵੈਕਸੀਨ ਇੰਜਰੀ ਕੰਪਨਸੇਸ਼ਨ ਪ੍ਰੋਗਰਾਮ)

ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਗੰਭੀਰ ਰੀਐਕਸ਼ਨ, ਜੋ ਕਿ ਬਹੁਤ ਘੱਟ ਹੁੰਦਾ ਹੈ, ਹੋ ਜਾਵੇ ਤਾਂ ਰੀਐਕਸ਼ਨ ਨਾਲ ਬੀਮਾਰ ਹੋਏ ਵਿਅਕਤੀਆਂ ਦੀ ਸੰਭਾਲ ਲਈ ਖਰਚਾ ਦੇਣ ਵਿਚ ਸਹਾਇਤਾ ਕਰਨ ਲਈ ਇਕ ਫੈਡਰਲ ਪ੍ਰੋਗਰਾਮ ਬਣਾਇਆ ਗਿਆ ਹੈ।

The National Vaccine Injury Compensation Program ਬਾਰੇ ਹੋਰ ਜਾਣਕਾਰੀ ਲੈਣ ਲਈ **1-800-338-2382** ਤੇ ਫੋਨ ਕਰੋ ਜਾਂ **http://www.hrsa.gov/osp/vicp/** ਤੇ ਪ੍ਰੋਗਰਾਮ ਦਾ ਵੈੱਬਸਾਈਟ ਦੇਖੋ।

## 7 ਮੈਨੂੰ ਹੋਰ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

- ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ। ਉਹ ਤੁਹਾਨੂੰ ਵੈਕਸੀਨ ਬਾਰੇ ਲਿਖਤੀ ਜਾਣਕਾਰੀ ਦੇ ਸਕਦੇ ਹਨ ਜਾਂ ਜਾਣਕਾਰੀ ਦੇ ਕਿਸੇ ਹੋਰ ਸਰੋਤ ਬਾਰੇ ਦੱਸ ਸਕਦੇ ਹਨ।
- ਆਪਣੇ ਸਥਾਨਕ ਜਾਂ ਸਟੇਟ ਹੈਲਥ ਡਿਪਾਰਟਮੈਂਟ ਦੇ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਨੂੰ ਫੋਨ ਕਰੋ।
- The Centers for Disease Control and Prevention (CDC) ਨਾਲ ਸੰਪਰਕ ਕਰੋ:
  - **Call 1-800-232-4636 (1-800-CDC-INFO)**
  - **http://www.cdc.gov/nip** ਤੇ ਨੈਸ਼ਨਲ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਦਾ ਵੈੱਬਸਾਈਟ ਦੇਖੋ।


DEPARTMENT OF HEALTH & HUMAN SERVICES USA

CDC
CENTERS FOR DISEASE CONTROL AND PREVENTION

**U.S. DEPARTMENT OF HEALTH & HUMAN SERVICES**
Centers for Disease Control and Prevention
National Immunization Program

Vaccine Information Statement
Hib IMM 664 ML Punjabi (12/16/98)
Translated by Transcend Translations, Davis, CA
http://www.transcend.net